Serial No. 162 KK(02)-HU-112

2002

# PUNJABI

## Paper I

(Literature)

| Time Allowed : Three Hours | Maximum Marks : 300 |
| --- | --- |

## INSTRUCTIONS

*Candidates should attempt questions 1 and 5 which are compulsory, and any THREE of the remaining questions selecting at least ONE question from each Section. All questions carry equal marks. Answers must be written in Punjabi (Gurmukhi Script).*

punjabiforias.com
by Satinder Sir

## SECTION – A

1. ਗੁਰਮਤਿ, ਸੂਫ਼ੀ ਤੇ ਨਾਥ ਜੋਗੀਆਂ ਦਾ ਸਾਹਿਤ ਕੁਝ ਸਾਂਝੇ ਸਰੋਕਾਰਾਂ ਦੇ ਬਾਵਜੂਦ ਭਾਸ਼ਾਈ ਤੇ ਦਾਰਸ਼ਨਿਕ ਪੱਖਾਂ ਤੋਂ ਨਿਵੇਕਲੀ ਪਛਾਣ ਰਖਦਾ ਹੈ। — ਦਲੀਲਾਂ ਤੇ ਉਦਾਹਰਣਾਂ ਸਹਿਤ ਵਿਆਖਿਆ ਕਰੋ।



Scanned with CamScanner

2. ਦੁਆਬੀ, ਮਾਝੀ ਤੇ ਪੋਠੋਹਾਰੀ ਇਕੋ ਰੁਖ ਦੀਆਂ ਟਾਹਣੀਆਂ ਹਨ ਜਿਨ੍ਹਾਂ ਉਤੇ ਚੁਗਿਰਦੇ ਦੇ ਪ੍ਰਭਾਵਾਂ ਕਾਰਨ ਕੁਝ ਵਖਰੇਵੇਂ ਪੈਦਾ ਹੋਏ ਹਨ। ਇਸ ਤੱਥ ਦਾ ਖੰਡਨ ਜਾਂ ਮੰਡਨ ਤਰਕ ਤੇ ਉਦਾਹਰਣਾਂ ਪੇਸ਼ ਕਰਦੇ ਹੋਏ ਕਰੋ। 7.

3. ਖੰਡੀ ਤੇ ਅਖੰਡੀ ਧੁਨੀਆਂ ਦਾ ਅੰਤਰ ਉਦਾਹਰਣਾਂ ਸਹਿਤ ਸਪਸ਼ਟ ਕਰਦੇ ਹੋਏ, ਪੰਜਾਬੀ ਦੀਆਂ ਵਿਅੰਜਨ ਧੁਨੀਆਂ ਦੀ ਵਰਗ ਵੰਡ ਬਾਰੇ ਜਾਣਕਾਰੀ ਦਿਓ।

4. ਵਾਕ, ਉਪਵਾਕ, ਨਾਂਵ ਵਾਕਾਂਸ਼, ਕਿਰਿਆ ਵਾਕਾਂਸ਼, ਸੰਯੁਕਤ ਵਾਕ ਅਤੇ ਮਿਸ਼ਰਿਤ ਵਾਕ ਦੇ ਸੰਕਲਪ ਉਦਾਹਰਣ ਦੇ ਕੇ ਸਪਸ਼ਟ ਕਰੋ। ਉਦਾਹਰਣਾਂ ਕੇਵਲ ਪੰਜਾਬੀ ਭਾਸ਼ਾ ਵਿਚੋਂ ਹੀ ਦਿਓ।

## SECTION – B

5. ਰਹੱਸਵਾਦੀ, ਸੂਹਜਵਾਦੀ ਤੇ ਨਵ-ਰਹੱਸਵਾਦੀ ਕਾਵਿ ਦਾ ਸਿਧਾਂਤਕ ਨਿਖੇੜਾ ਕਰਦੇ ਹੋਏ ਇਨ੍ਹਾਂ ਵਿਚੋਂ ਕਿਸੇ ਇਕ ਕਾਵਿ-ਧਾਰਾ ਦੇ ਪ੍ਰਤਿਨਿਧ ਕਵੀਆਂ ਦੀਆਂ ਕਾਵਿ-ਪ੍ਰਾਪਤੀਆਂ ਦੀ ਚਰਚਾ ਕਰੋ।

6. ਕੁਲਵੰਤ ਸਿੰਘ ਵਿਰਕ ਤੇ ਵਰਿਆਮ ਸੰਧੂ ਦੋਵੇਂ ਪੇਂਡੂ ਜੀਵਨ ਬਾਰੇ ਕਹਾਣੀਆਂ ਸਿਰਜ ਕੇ ਵੀ ਆਪਣੀ ਵਿਲੱਖਣ ਸ਼ਿਲਪ ਵਿਧੀ ਕਾਰਨ ਆਪਣੀ ਵਖਰੀ ਪਛਾਣ ਰਖਦੇ ਹਨ। ਇਸ ਪਛਾਣ ਨੂੰ ਉਦਾਹਰਣਾਂ ਸਹਿਤ ਸਪਸ਼ਟ ਕਰੋ।

punjabiforias.com
by Satinder Sir



Scanned with CamScanner

7. ਲੋਕ ਸਾਹਿਤ ਦੀਆਂ ਭਾਸ਼ਾ, ਵਿਸ਼ੇ ਤੇ ਰੂਪ ਪੱਖੋਂ ਰੂੜ੍ਹੀਆਂ ਦੀ ਪਛਾਣ ਅਤੇ ਆਪਣੀ ਗੱਲ ਕਹਿਣ ਲਈ ਇਨ੍ਹਾਂ ਰੂੜ੍ਹੀਆਂ ਦਾ ਯੁੱਗ ਅਨੁਕੂਲ ਅਨੁਕਰਣ ਜਾਂ ਰੂਪਾਂਤਰਣ ਕਿਸੇ ਵੀ ਕਵੀ ਦੀ ਲੋਕਾਂ ਵਿਚ ਸਵੀਕ੍ਰਿਤੀ ਦਾ ਆਧਾਰ ਹੈ। ਅੰਮ੍ਰਿਤਾ, ਸ਼ਿਵ ਕੁਮਾਰ, ਮੋਹਨ ਸਿੰਘ ਤੇ ਹਰਿਭਜਨ ਸਿੰਘ ਕਾਵਿ ਦੇ ਆਧਾਰ ਤੇ ਉਕਤ ਵਿਚਾਰ ਬਾਰੇ ਆਪਣਾ ਮਤ ਸਪਸ਼ਟ ਕਰੋ।

8. ਸਮਾਜਕ, ਸਾਂਸਕ੍ਰਿਤਕ ਪਿੱਠ ਭੂਮੀ, ਵਿਸ਼ੇ ਤੇ ਰੂਪ ਹਰ ਪੱਖੋਂ ਪ੍ਰੋ. ਪੂਰਨ ਸਿੰਘ, ਪ੍ਰੋ. ਤੇਜਾ ਸਿੰਘ ਤੇ ਗੁਰਬਖਸ਼ ਸਿੰਘ ਨਿਬੰਧਕਾਰਾਂ ਵਜੋਂ ਵੱਖਰੇ ਪਛਾਣੇ ਜਾ ਸਕਦੇ ਹਨ। --- ਇਸ ਵੱਖਰੀ ਪਛਾਣ ਦੇ ਪ੍ਰਮੁੱਖ ਵੇਰਵੇ ਪੇਸ਼ ਕਰੋ।

punjabiforias.com
by Satinder Sir